## ਵਾਇਰਸ ਤੋਂ ਬਚਣ ਦਾ ਮੁਖ ਉਪਾਅ :

**ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ ॥**
**ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥੧੮॥**

ਇਹ ਪੰਕਤੀਆਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਨੇ ਸਲੋਕ ਸਹਸਕ੍ਰਿਤੀ ਸਿਰਲੇਖ ਹੇਠਾਂ ਪੰਨਾ ੧੩੫੫ ਤੇ ਅੰਕਿਤ ਕੀਤੀਆਂ ਹਨ।

ਬਹੁਤ ਭਿਆਨਕ ਦੁਖ, ਅਨੇਕ ਤਰ੍ਹਾਂ ਦੀ ਹਤਿਆ ਭਾਵ ਕਤਲ ਕਰਨ ਦੇ ਪਾਪ, ਜਨਮਾਂ-ਬਧੀ ਗ਼ਰੀਬੀ ਜਾਂ ਕੰਗਾਲੀ, ਅਨੇਕ ਤਰ੍ਹਾਂ ਦੇ ਜ਼ਹਰ ਜਾਂ ਬਹੁਤ ਵਡੇ ਦੁਖ ਕਲੇਸ਼, ਫ਼ਸਾਦ, ਮੁਸੀਬਤਾਂ :

ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਇਹ ਸਭ ਪਰਮੇਸ਼ਰ ਦਾ ਨਾਮ ਜਪਣ ਨਾਲ ਇੰਵ ਮਿਟ ਜਾਂਦੇ ਹਨ ਜਿਵੇਂ ਅੱਗ ਲਕੜੀ ਦੇ ਢੇਰਾਂ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ।

Last modified: 10:55 am